| ਜਮਾਤ- ਨੌਂਵੀਂ | ਵਿਸ਼ਾ- ਪੰਜਾਬੀ | ਕਾਂਡ – 2 | ਭਾਸ਼ਾ ਅਤੇ ਪੰਜਾਬੀ ਭਾਸ਼ਾ :ਪਰਿਭਾਸ਼ਾ |
|---|---|---|---|

**ਪ੍ਰਸ਼ਨ 1. ਬੋਲੀ (ਭਾਸ਼ਾ) ਕਿਸ ਨੂੰ ਆਖਦੇ ਹਨ ? ਇਸ ਦੀ ਪਰਿਭਾਸ਼ਾ ਲਿਖੋ।**

ਉੱਤਰ- ਮੂੰਹ ਵਿਚੋਂ ਨਿਕਲਣ ਵਾਲੀਆਂ ਜਿਨ੍ਹਾਂ ਅਵਾਜ਼ਾਂ ਰਾਹੀਂ ਮਨੁੱਖ ਆਪਣੇ ਮਨੋਭਾਵਾਂ ਤੇ ਵਿਚਾਰਾਂ ਨੂੰ ਦੂਜਿਆਂ ਅੱਗੇ ਪ੍ਰਗਟ ਕਰਦਾ ਹੈ, ਉਨ੍ਹਾਂ ਨੂੰ ਬੋਲੀ (ਭਾਸ਼ਾ) ਆਖਿਆ ਜਾਂਦਾ ਹੈ ।

**ਪ੍ਰਸ਼ਨ 2. ਬੋਲੀ ਕਿੰਨੇ ਪ੍ਰਕਾਰ ਦੀ ਹੁੰਦੀ ਹੈ ?**

ਉੱਤਰ-ਮਨੁੱਖ ਆਪਣੇ ਮਨੋਭਾਵਾਂ ਨੂੰ ਦੋ ਤਰ੍ਹਾਂ-ਲਿਖ ਕੇ ਜਾਂ ਬੋਲ ਕੇ ਪ੍ਰਗਟ ਕਰਦਾ ਹੈ । ਇਸ ਕਰਕੇ ਬੋਲੀ ਵੀ ਦੋ ਪ੍ਰਕਾਰ ਦੀ ਹੁੰਦੀ ਹੈ-

(ੳ) ਬੋਲ-ਚਾਲ ਦੀ ਬੋਲੀ ਅਤੇ (ਅ) ਲਿਖਤੀ ਜਾਂ ਸਾਹਿਤਕ ਬੋਲੀ ।

**ਪ੍ਰਸ਼ਨ 3. ਬੋਲ-ਚਾਲ ਦੀ ਬੋਲੀ ਤੋਂ ਕੀ ਭਾਵ ਹੈ ?**

ਉੱਤਰ—ਬੋਲ- ਚਾਲ ਦੀ ਬੋਲੀ ਉਹ ਹੁੰਦੀ ਹੈ, ਜਿਸ ਰਾਹੀਂ ਵੱਖ-ਵੱਖ ਇਲਾਕਿਆਂ ਵਿੱਚ ਰਹਿੰਦੇ ਲੋਕ ਆਪਸ ਵਿੱਚ ਗੱਲ ਬਾਤ ਕਰਦੇ ਹਨ । ਇਕ ਭਾਸ਼ਾ-ਖੇਤਰ ਵਿੱਚ ਇਸ ਦੇ ਕਈ ਰੂਪ ਹੁੰਦੇ ਹਨ ।

**ਪ੍ਰਸ਼ਨ 4. ਆਪਣੇ ਭਾਵਾਂ ਨੂੰ ਪ੍ਰਗਟ ਕਰਨ ਲਈ ਮਨੁੱਖ ਕਿਹੜੇ ਸਫਲ ਸਾਧਨ ਦੀ ਵਰਤੋਂ ਕਰਦਾ ਹੈ ?**

ਉੱਤਰ-ਆਪਣੇ ਭਾਵਾਂ ਨੂੰ ਪ੍ਰਗਟ ਕਰਨ ਲਈ ਮਨੁੱਖ ਭਾਸ਼ਾ (ਬੋਲੀ) ਦੇ ਸਫਲ ਸਾਧਨ ਦੀ ਵਰਤੋਂ ਕਰਦਾ ਹੈ।

**ਪ੍ਰਸ਼ਨ 5. ਸਾਡੇ ਸੰਵਿਧਾਨ ਵਿੱਚ ਕਿਹੜੀਆਂ-ਕਿਹੜੀਆਂ ਭਾਸ਼ਾਵਾਂ ਪ੍ਰਵਾਨਿਤ ਹਨ ?**

ਉੱਤਰ-ਸਾਡੇ ਸੰਵਿਧਾਨ ਵਿੱਚ 22 ਭਾਸ਼ਾਵਾਂ ਪ੍ਰਵਾਨਿਤ ਹਨ, ਜੋ ਕਿ ਹੇਠ ਲਿਖੀਆਂ ਹਨ-

ਪੰਜਾਬੀ, ਹਿੰਦੀ, ਗੁਜਰਾਤੀ, ਮਰਾਠੀ, ਬੰਗਲਾ, ਉੜੀਆ, ਬੋਡੋ, ਮੈਥਿਲੀ, ਸੰਥਾਲੀ, ਅਸਾਮੀ, ਕਸ਼ਮੀਰੀ, ਡੋਗਰੀ ਤਾਮਿਲ, ਤੇਲਗੂ, ਕੰਨੜ, ਮਲਿਆਲਮ, ਉਰਦੂ, ਸੰਸਕ੍ਰਿਤ, ਕੋਂਕਣੀ, ਮਨੀਪੁਰੀ, ਸਿੰਧੀ, ਨੇਪਾਲੀ।

**ਪ੍ਰਸ਼ਨ 6.ਮਾਤ-ਬੋਲੀ (ਮਾਤਾ-ਭਾਸ਼ਾ) ਕੀ ਹੁੰਦੀ ਹੈ ?**

ਉੱਤਰ-ਮਾਤ-ਬੇਲੀ (ਮਾਤ-ਭਾਸ਼ਾ) ਉਹ ਹੁੰਦੀ ਹੈ, ਜਿਹੜੀ ਬੱਚਾ ਆਪਣੇ ਜਨਮ ਤੋਂ ਹੀ ਆਪਣੀ ਮਾਂ ਕੋਲੋਂ ਸਿੱਖਦਾ ਹੈ।

**ਪ੍ਰਸ਼ਨ-7 ਉਪ-ਬੋਲੀ (ਉਪ-ਭਾਸ਼ਾ) ਕੀ ਹੁੰਦੀਹੈ ?**

ਉੱਤਰ-ਕਿਸੇ ਭਾਸ਼ਾ-ਖੇਤਰ ਦੀ ਬੋਲੀ ਵਿੱਚ ਇਲਾਕਾਈ ਭਿੰਨਤਾ ਨਾਲ ਬੋਲ-ਚਾਲ ਦੀ ਬੋਲੀ ਦੇ ਕਈ ਰੂਪ ਮਿਲਦੇ ਹਨ । ਬੋਲੀ ਦੇ ਬੋਲ-ਚਾਲ ਦੇ ਇਸ ਰੂਪ ਨੂੰ ਹੀ ਉਪ-ਬੇਲੀ ਕਿਹਾ ਜਾਂਦਾ ਹੈ ।

**ਪ੍ਰਸ਼ਨ 8. ਪੰਜਾਬੀ ਬੋਲੀ ਦੀਆਂ ਉਪ-ਬੋਲੀਆਂ ਜਾਂ ਉਪ-ਭਾਸ਼ਾਵਾਂ ਦੇ ਨਾਂ ਲਿਖੋ।**

**ਉੱਤਰ-ਪੰਜਾਬੀ ਬੋਲੀ ਦੀਆਂ ਉਪ-ਬੋਲੀਆਂ (ਉਪ-ਭਾਸ਼ਾਵਾਂ) ਇਹ ਹਨ-**

**ਮਾਝੀ, ਦੁਆਬੀ, ਮਲਵਈ, ਪੁਆਧੀ, ਪੋਠੋਹਾਰੀ, ਮੁਲਤਾਨੀ (ਲਹਿੰਦੀ) ਤੇ ਡੋਗਰੀ।**

**ਪ੍ਰਸ਼ਨ 9. ਪੰਜਾਬੀ ਦੀਆਂ ਉਪ-ਬੋਲੀਆਂ (ਉਪ-ਭਾਸ਼ਾਵਾਂ) ਕਿਨ੍ਹਾਂ-ਕਿਨ੍ਹਾਂ ਇਲਾਕਿਆਂ ਵਿੱਚ ਬੋਲੀਆਂ ਜਾਂਦੀਆਂ ਹਨ?**

**ਉੱਤਰ-ਪੰਜਾਬੀ ਦੀਆਂ ਉਪ-ਬੋਲੀਆ (ਉਪ-ਭਾਸ਼ਾਵਾਂ) ਹੇਠ ਲਿਖੇ ਇਲਾਕਿਆਂ ਵਿੱਚ ਬੋਲੀਆਂ ਜਾਂਦੀਆਂ ਹਨ:**

**ਮਾਝੀ- ਲਾਹੌਰ, ਸਿਆਲਕੋਟ, ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਪਠਾਨਕੋਟ ਦੇ ਜ਼ਿਲ੍ਹਿਆਂ ਵਿੱਚ।**

**ਮਲਵਈ-ਮਾਲਵੇ (ਲੁਧਿਆਣਾ, ਫ਼ਿਰੋਜ਼ਪੁਰ, ਫਾਜ਼ਿਲਕਾ, ਮੋਗਾ, ਮਾਨਸਾ, ਮੁਕਤਸਰ, ਬਰਨਾਲਾ, ਸੰਗਰੂਰ ਤੇ ਫ਼ਤਹਿਗੜ੍ਹ ਸਾਹਿਬ ਦਾ ਕੁੱਝ ਹਿੱਸਾ ਬਠਿੰਡਾ, ਫ਼ਰੀਦਕੋਟ, ਪਟਿਆਲਾ ਜ਼ਿਲ੍ਹੇ ਦੇ ਪੱਛਮੀ ਭਾਗ ਦੇ ਕੁੱਝ ਖੇਤਰ ਸਿਰਸਾ (ਹਰਿਆਣਾ) ਵਿੱਚ।**

**ਦੁਆਬੀ-ਦੁਆਬੇ (ਜਲੰਧਰ, ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ ਤੇ ਕਪੂਰਥਲਾ ਜ਼ਿਲ੍ਹੇ ਵਿੱਚ।**

**ਡੋਗਰੀ-ਕਾਂਗੜੇ ਅਤੇ ਜੰਮੂ ਦੇ ਖੇਤਰ ਵਿੱਚ।**

**ਪੁਆਧੀ- ਰੋਪੜ , ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪਟਿਆਲੇ ਦਾ ਪੂਰਬੀ ਭਾਗ, ਮਲੇਰਕੋਟਲੇ ਦਾ ਖੇਤਰ, ਫ਼ਤਿਹਗੜ੍ਹ ਸਾਹਿਬ ਦਾ ਪੂਰਬੀ ਹਿੱਸਾ, ਅੰਬਾਲੇ ਦਾ ਪੱਛਮੀ ਹਿੱਸਾ।**

**ਪੋਠੋਹਾਰੀ-ਪਾਕਿਸਤਾਨ ਦੇ ਜਿਹਲਮ ਦਰਿਆ ਦੇ ਪਾਰ ਪੋਠੋਹਾਰ ਦੇ ਇਲਾਕਿਆਂ ( ਜ਼ਿਲ੍ਹਾ ਰਾਵਲਪਿੰਡੀ,ਜ਼ਿਲ੍ਹਾ ਜਿਹਲਮ ਤੇ ਕੈਮਲਪੁਰ) ਵਿੱਚ।**

**ਮੁਲਤਾਨੀ-ਮੁਲਤਾਨ, ਡੇਰਾ ਗਾਜ਼ੀ ਖਾਂ ਤੇ ਬਹਾਵਲਪੁਰ ਦੇ ਖੇਤਰ ਵਿੱਚ।**

**ਡੋਗਰੀ-ਜੰਮੂ (ਜੰਮੂ ਤੇ ਕਸ਼ਮੀਰ ਤੇ ਕਾਂਗੜਾ (ਹਿਮਾਚਲ ਪ੍ਰਦੇਸ਼) ਦੇ ਕੁੱਝ ਹਿੱਸਿਆਂ ਵਿਚ।**

**ਪ੍ਰਸ਼ਨ 10. ਪੰਜਾਬੀ ਬੋਲੀ ਦੀਆਂ ਕਿਸੇ ਦੋ ਉਪ-ਬੋਲੀਆਂ ਦੇ ਨਾਂ ਲਿਖੋ।**

**ਉੱਤਰ-ਦੁਆਬੀ, ਮਾਝੀ।**

**ਪ੍ਰਸ਼ਨ 11. ਰਾਵੀ ਤੇ ਬਿਆਸ ਦਰਿਆਵਾਂ ਦੇ ਵਿਚਕਾਰ ਕਿਹੜੀ ਬੋਲੀ ਬੋਲੀ ਜਾਂਦੀ ਹੈ?**

**ਉੱਤਰ-ਮਾਝੀ।**

**ਪ੍ਰਸ਼ਨ 12. ਪੰਜਾਬੀ ਦੀਆਂ ਕੋਈ ਚਾਰ ਉਪਬੋਲੀਆਂ ਦੇ ਨਾਮ ਲਿਖੋ।**

ਉੱਤਰ-ਦੁਆਬੀ, ਮਾਝੀ, ਮਲਵਈ, ਪੋਠੋਹਾਰੀ।

**ਪ੍ਰਸ਼ਨ 13. ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੇ ਆਪਸੀ ਅੰਤਰ ਕਿਉ ਮਿਟਦੇ ਜਾ ਰਹੇ ਹਨ ?**

ਉੱਤਰ-ਪੁਰਾਣੇ ਸਮੇਂ ਵਿੱਚ ਆਵਾਜਾਈ ਤੇ ਸੰਚਾਰ ਸਾਧਨਾਂ ਦੀ ਘਾਟ ਕਾਰਨ ਪੰਜਾਬ ਵਿੱਚ ਪੰਜਾਬੀ ਭਾਸ਼ਾ ਵਿੱਚ ਬੋਲੀਆਂ ਜਾਣ ਵਾਲੀਆਂ ਉਪ-ਭਾਸ਼ਾਵਾਂ ਦੇ ਆਪਸੀ ਫ਼ਰਕ ਬੜੇ ਉਘੜਵੇਂ ਸਨ, ਪਰੰਤੂ ਅਜੋਕੇ ਪੰਜਾਬ ਵਿੱਚ ਆਵਾਜਾਈ ਤੇ ਸੰਚਾਰ ਸਾਧਨਾਂ ਦੇ ਵਿਕਸਿਤ ਹੋਣ ਕਾਰਨ ਲੋਕਾਂ ਦਾ ਆਪਸੀ ਮੇਲ-ਜੋਲ ਵਧ ਗਿਆ ਹੈ, ਸਿੱਟੇ ਵਜੋਂ ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੇ ਆਪਸੀ ਅੰਤਰ ਮਿਟਦੇ ਜਾ ਰਹੇ ਹਨ।

**ਪ੍ਰਸ਼ਨ 14. ਪਿਜਿਨ ਅਤੇ ਕਰੀਓਲ ਭਾਸ਼ਾ-ਵੰਨਗੀਆਂ ਵਿੱਚ ਕੀ ਅੰਤਰ ਹੈ ?**

ਉੱਤਰ-ਪਿਜਿਨ ਕੰਮ-ਚਲਾਊ ਭਾਸ਼ਾ ਨੂੰ ਕਹਿੰਦੇ ਹਨ । ਸਮਾਂ ਪਾ ਕੇ ਇਹੋ ਹੀ ਸਥਾਨਕ ਭਾਸ਼ਾ ਬਣ ਜਾਂਦੀ ਹੈ ਤੇ ਇਸ ਨੂੰ ਕਰੀਓਲ ਦਾ ਨਾਂ ਦਿੱਤਾ ਜਾਂਦਾ ਹੈ । ਉਰਦੂ ਅਜਿਹੀ ਹੀ ਇਕ ਭਾਸ਼ਾ ਹੈ ।

**ਪ੍ਰਸ਼ਨ 15. ਬੋਲੀ (ਸਾਹਿਤਕ ਬੋਲੀ) ਤੇ ਉਪ-ਬੋਲੀ ਵਿੱਚ ਕੀ ਫ਼ਰਕ ਹੁੰਦਾ ਹੈ ?**

ਉੱਤਰ-ਬੋਲੀ ਕਿਸੇ ਭਾਸ਼ਾ-ਖੇਤਰ ਦੇ ਕੇਂਦਰੀ ਇਲਾਕੇ ਦੀ ਬੋਲੀ ਹੁੰਦੀ ਹੈ । ਇਹ ਮਾਂਜੀ-ਸੁਆਰੀ ਤੇ ਨੇਮ-ਬੱਧ ਹੁੰਦੀ ਹੈ। ਪਰੰਤੂ ਉਪ-ਬੋਲੀ ਕਿਸੇ ਸਮੁੱਚੇ ਭਾਸ਼ਾ-ਖੇਤਰ ਦੀ ਇਕ ਭੂਗੋਲਿਕ ਇਕਾਈ ਵਿੱਚ ਬੋਲੀ ਜਾਣ ਵਾਲੀ ਹੁੰਦੀ ਹੈ ।

**ਪ੍ਰਸ਼ਨ 16. ਸਾਹਿਤਕ (ਮਿਆਰੀ ਜਾਂ ਟਕਸਾਲੀ) ਭਾਸ਼ਾ ਕਿਸ ਨੂੰ ਕਹਿੰਦੇ ਹਨ ?**

ਉੱਤਰ-ਸਾਹਿਤਕ (ਮਿਆਰੀ ਜਾਂ ਟਕਸਾਲੀ ਭਾਸ਼ਾ ਕਿਸੇ ਭਾਸ਼ਾ-ਖੇਤਰ ਦੇ ਕੇਂਦਰੀ ਇਲਾਕੇ ਦੀ ਭਾਸ਼ਾ ਹੁੰਦੀ ਹੈ : ਜਿਵੇਂ ਪੰਜਾਬ ਪ੍ਰਦੇਸ਼ ਦੀ ਸਾਹਿਤਕ ਭਾਸ਼ਾ ਕੇਂਦਰੀ ਪੰਜਾਬ ਅਰਥਾਤ ਮਾਝੇ (ਲਾਹੌਰ ਤੇ ਅੰਮ੍ਰਿਤਸਰ) ਦੀ ਬੋਲੀ ਮੰਨੀ ਗਈ ਹੈ । ਇਹ ਮਾਂਜੀ-ਸੁਆਰੀ ਤੇ ਨੇਮ-ਬੱਧ ਹੁੰਦੀ ਹੈ । ਇਹ ਦੇਸ਼ ਦੇ ਲੇਖਕਾਂ ਤੇ ਸਰਕਾਰੀ ਦਫ਼ਤਰਾਂ ਦੀ ਬੋਲੀ ਹੁੰਦੀ ਹੈ । ਇਸ ਵਿੱਚ ਹੀ | ਅਖ਼ਬਾਰਾਂ ਛਪਦੀਆਂ ਹਨ ਤੇ ਇਹੋ ਹੀ ਸਿੱਖਿਆ ਦਾ ਮਾਧਿਅਮ ਹੁੰਦੀ ਹੈ ।

**ਪ੍ਰਸ਼ਨ 17. ਟਕਸਾਲੀ ਜਾਂ ਮਿਆਰੀ ਭਾਸ਼ਾ ਦੀ ਕੀ ਉਪਯੋਗਤਾ ਹੁੰਦੀ ਹੈ ?**

ਉੱਤਰ-ਟਕਸਾਲੀ ਜਾਂ ਮਿਆਰੀ ਭਾਸ਼ਾ ਆਪਣੇ ਭਾਸ਼ਾ-ਖੇਤਰ ਵਿੱਚ ਵਸਦੇ ਲੋਕਾਂ ਦੇ ਸਰਕਾਰੀ-ਪ੍ਰਬੰਧ, ਸਿੱਖਿਆ, ਸੰਚਾਰ, ਸਾਹਿਤ, ਸੱਭਿਆਚਾਰ ਤੇ ਵਪਾਰ ਦੀਆਂ ਲੋੜਾਂ ਪੂਰੀਆਂ ਕਰਦੀ ਹੈ ।



| | | |
|---|---|---|
| ਤਿਆਰ ਕਰਤਾ :- ਨੀਟਾ ਭਾਟੀਆ | ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਕੈਂਪ ਬਟਾਲਾ | ਜ਼ਿਲ੍ਹਾ- ਗੁਰਦਾਸਪੁਰ । |